# ਦੇਖਭਾਲਕਰਤਾ ਪ੍ਰਸ਼ਨਾਵਲੀ

## ਇਹ ਸਰਵੇਖਣ ਕਿਸ ਦੇ ਲਈ ਹੈ?

ਇਹ ਪ੍ਰਸ਼ਨਾਵਲੀ ਇੱਕ ਕੌਮੀ ਕਲੀਨਿਕ ਆਡਿਟ (National Clinical Audit) ਦਾ ਹਿੱਸਾ ਹੈ ਜਿਸਦਾ ਮਕਸਦ ਹਸਪਤਾਲਾਂ ਦੁਆਰਾ ਉਹਨਾਂ ਲੋਕਾਂ ਨੂੰ ਮੁਹੱਈਆ ਕੀਤੀ ਜਾਂਦੀ ਦੇਖਭਾਲ ਦੇ ਮਿਆਰ ਵਿੱਚ ਸੁਧਾਰ ਲਿਆਉਣਾ ਹੈ ਜਿਹਨਾਂ ਨੂੰ ਉਲਝਣ ਜਾਂ ਯਾਦਦਾਸ਼ਤ ਸਬੰਧੀ ਸਮੱਸਿਆਵਾਂ ਹੁੰਦੀਆਂ ਹਨ। ਅਸੀਂ ਉਹਨਾਂ ਦੇਖਭਾਲਕਰਤਾਵਾਂ (ਪਰਿਵਾਰ ਦੇ ਜੀਆਂ ਜਾਂ ਕੀ (ਪ੍ਰਮੁੱਖ) ਵਰਕਰਾਂ), 1 ਮਾਰਚ ਤੋਂ 31 ਦਸੰਬਰ 2026 ਤੱਕ ਦੇ ਦਰਮਿਆਨ ਯਾਦਦਾਸ਼ਤ ਸਬੰਧੀ ਸਮੱਸਿਆਵਾਂ ਵਾਲੇ ਲੋਕਾਂ ਨੂੰ ਉਹਨਾਂ ਦੇ ਇਸ ਹਸਪਤਾਲ ਵਿੱਚ ਦਾਖਲ ਰਹਿਣ ਦੌਰਾਨ ਮਿਲਣ ਜਾਣਗੇ, ਨੂੰ ਸੱਦਾ ਦਿੰਦੇ ਹਾਂ ਕਿ ਉਹ ਪ੍ਰਾਪਤ ਹੋਈ ਦੇਖਭਾਲ ਅਤੇ ਹਸਪਤਾਲ ਸਟਾਫ਼ ਦੇ ਨਾਲ ਤੁਹਾਡੇ ਸੰਪਰਕ ਬਾਰੇ ਆਪਣੇ ਵਿਚਾਰ ਸਾਂਝੇ ਕਰਨ।

ਇਸ ਜਾਣਕਾਰੀ ਨੂੰ ਸਥਾਨਕ ਅਤੇ ਕੌਮੀ ਰਿਪੋਰਟਾਂ ਵਿੱਚ ਸ਼ਾਮਲ ਕੀਤਾ ਜਾਵੇਗਾ, ਜਿਹਨਾਂ ਦਾ ਇਸਤੇਮਾਲ ਚੰਗੀ ਤਰ੍ਹਾਂ ਨਾਲ ਕੀਤੇ ਗਏ ਕੰਮਾਂ ਅਤੇ ਸੁਧਾਰ ਦੀ ਲੋੜ ਵਾਲੇ ਖੇਤਰਾਂ ਨੂੰ ਉਜਾਗਰ ਕਰਕੇ, ਦੇਖਭਾਲ ਦੇ ਮਿਆਰਾਂ ਵਿੱਚ ਸੁਧਾਰ ਲਿਆਉਣ ਵਿੱਚ ਹਸਪਤਾਲਾਂ ਦੀ ਮਦਦ ਕਰਨ ਵਾਸਤੇ ਕੀਤਾ ਜਾਵੇਗਾ। ਅਸੀਂ ਕਿਸੇ ਵੀ ਪ੍ਰਤਿਕਿਰਿਆ ਦਾ ਸਵਾਗਤ ਕਰਦੇ ਹਾਂ ਅਤੇ ਇਸ ਦੀਆਂ ਸੰਖੇਪ ਰਿਪੋਰਟਾਂ 2027 ਵਿੱਚ ਪ੍ਰਕਾਸ਼ਤ ਕੀਤੀਆਂ ਜਾਣਗੀਆਂ।

## ਗੋਪਨੀਅਤਾ:

- ਇਹ ਪ੍ਰਸ਼ਨਾਵਲੀ ਪੂਰੀ ਤਰ੍ਹਾਂ ਨਾਲ ਗੁਮਨਾਮ ਹੈ ਅਤੇ ਹਸਪਤਾਲ ਦੇ ਸਟਾਫ਼ ਨੂੰ ਤੁਹਾਡੇ ਜਵਾਬ ਦਿਖਾਈ ਨਹੀਂ ਦੇਣਗੇ।

- ਇਸ ਫ਼ਾਰਮ ਨੂੰ ਭਰ ਕੇ ਅਤੇ ਵਾਪਸ ਭੇਜ ਕੇ, ਤੁਸੀਂ ਸਾਡੀਆਂ ਰਿਪੋਰਟਾਂ ਵਿੱਚ ਇਸਤੇਮਾਲ ਸਮੇਤ, ਕੌਮੀ ਆਡਿਟ ਵਿੱਚ ਆਪਣੇ ਜਵਾਬਾਂ ਦੇ ਇਸਤੇਮਾਲ ਲਈ ਸਹਿਮਤੀ ਦਿੰਦੇ ਹੋ। ਅਸੀਂ ਡੇਟਾ ਦਾ ਇਸਤੇਮਾਲ ਕਿਵੇਂ ਕਰਦੇ ਹਾਂ, ਇਸ ਵਿਸ਼ੇ ਵਿੱਚ ਵਧੇਰੇ ਜਾਣਕਾਰੀ ਸਾਡੀ ਵੈਬਸਾਈਟ 'ਤੇ 'Information Governance' (ਜਾਣਕਾਰੀ ਸੰਚਾਲਨ) ਹੇਠ ਸਾਡੇ ਗੋਪਨੀਅਤਾ ਨੋਟਿਸ ਵਿੱਚ ਮਿਲ ਸਕਦੀ ਹੈ।

- ਜੇ ਤੁਸੀਂ ਪ੍ਰਸ਼ਨਾਵਲੀ ਨਾ ਭਰਨ ਨੂੰ ਤਰਜੀਹ ਦੇਣ ਬਾਰੇ ਫ਼ੈਸਲਾ ਕਰਦੇ ਹੋ, ਤਾਂ ਇਹ ਠੀਕ ਹੈ ਅਤੇ ਇਸ ਨਾਲ ਉਸ ਵਿਅਕਤੀ ਦੀ ਦੇਖਭਾਲ 'ਤੇ ਕੋਈ ਅਸਰ ਨਹੀਂ ਪਵੇਗਾ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ।

- ਇਹ ਕੋਈ ਸ਼ਿਕਾਇਤ ਫ਼ਾਰਮ ਨਹੀਂ ਹੈ, ਪ੍ਰੋਜੈਕਟ ਟੀਮ ਸਾਰੇ ਜਵਾਬਾਂ ਨੂੰ ਦੇਖੇਗੀ ਪਰ ਕਿਉਂਕਿ ਅਸੀਂ ਤੁਹਾਡਾ ਨਾਮ ਨਹੀਂ ਪੁੱਛਦੇ ਹਾਂ, ਇਸ ਕਰਕੇ ਅਸੀਂ ਤੁਹਾਡੀਆਂ ਵਿਅਕਤੀਗਤ ਚਿੰਤਾਵਾਂ ਜਾਂ ਸ਼ਿਕਾਇਤਾਂ ਦਾ ਫ਼ਾਲੋ-ਅੱਪ ਨਹੀਂ ਕਰ ਸਕਾਂਗੇ। ਜੇ ਤੁਸੀਂ ਕੋਈ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੇਵਾ ਜਾਂ ਆਪਣੀ ਸਥਾਨਕ ਮਰੀਜ਼ ਸਲਾਹ ਅਤੇ ਸੰਪਰਕ ਸੇਵਾ (Patient Advice and Liaison Service - PALS) ਨਾਲ ਗੱਲ ਕਰੋ ਜੋ ਸ਼ਿਕਾਇਤ ਕਰਨ ਬਾਰੇ ਗੁਪਤ ਸਲਾਹ ਪ੍ਰਦਾਨ ਕਰ ਸਕਣਗੇ।

- ਜੇ ਤੁਸੀਂ ਸਾਨੂੰ ਮਰੀਜ਼ ਨੂੰ ਨੁਕਸਾਨ ਪਹੁੰਚਣ ਦੇ ਖਤਰੇ ਬਾਰੇ ਦੱਸਦੇ ਹੋ, ਤਾਂ ਹੋ ਸਕਦਾ ਹੈ ਕਿ ਸਾਨੂੰ ਫ਼ੌਰਨ ਹਸਪਤਾਲ ਨਾਲ ਸੰਪਰਕ ਕਰਨ ਦੀ ਲੋੜ ਪਵੇ।

**Q1** ਕਿਰਪਾ ਕਰਕੇ ਹਸਪਤਾਲ ਦਾ ਨਾਮ ਦਰਜ ਕਰੋ:

**Q2** ਹਸਪਤਾਲ ਵਿੱਚ ਦਾਖਲਾ ਕਿਸ ਸਮਾਂ ਮਿਆਦ ਦੇ ਦੌਰਾਨ ਹੋਇਆ ਸੀ?

- ◯ 1 ਜੁਲਾਈ 2025 ਤੋਂ ਪਹਿਲਾਂ
- ◯ 1 ਜੁਲਾਈ 2025 ਤੋਂ 31 ਦਸੰਬਰ 2025 ਤੱਕ
- ◯ 1 ਜਨਵਰੀ 2026 ਤੋਂ ਬਾਅਦ

ਇਹਨਾਂ ਵਿੱਚੋਂ ਕਿਹੜਾ ਉਸ ਵਿਅਕਤੀ ਨਾਲ ਤੁਹਾਡੇ ਰਿਸ਼ਤੇ ਦਾ ਸਭ ਤੋਂ ਵਧੀਆ ਵਰਣਨ ਕਰਦਾ ਹੈ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ?

- ◯ ਜੀਵਨ ਸਾਥੀ ਜਾਂ ਪਾਰਟਨਰ
- ◯ ਪਰਿਵਾਰ ਦਾ ਜੀਅ
- ◯ ਦੋਸਤ
- ◯ ਪੇਸ਼ੇਵਰ ਦੇਖਭਾਲਕਰਤਾ (ਸਿਹਤ ਜਾਂ ਸਮਾਜਕ ਦੇਖਭਾਲ)
- ◯ ਹੋਰ

ਕੀ ਤੁਸੀਂ ਉਸ ਵਿਅਕਤੀ ਦੇ ਮੁੱਖ ਦੇਖਭਾਲਕਰਤਾਵਾਂ ਵਿੱਚੋਂ ਇੱਕ ਹੋ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ? ਉਦਾਹਰਣ ਲਈ, ਪਰਿਵਾਰਕ ਦੇਖਭਾਲਕਰਤਾ ਜਾਂ ਕੀ (ਪ੍ਰਮੁੱਖ) ਵਰਕਰ।

- ◯ ਹਾਂ
- ◯ ਨਹੀਂ

**ਮਰੀਜ਼ ਦੀ ਦੇਖਭਾਲ**

**Q3** ਕੀ ਤੁਹਾਨੂੰ ਲੱਗਦਾ ਹੈ ਕਿ ਤੁਸੀਂ ਜਿਸ ਵਿਅਕਤੀ ਦੀ ਦੇਖਭਾਲ ਕਰਦੇ ਹੋ, ਹਸਪਤਾਲ ਦੇ ਸਟਾਫ਼ ਨੂੰ ਉਸ ਬਾਰੇ ਚੰਗੀ ਤਰ੍ਹਾਂ ਜਾਣਕਾਰੀ ਮਿਲੀ ਹੋਈ ਸੀ ਅਤੇ ਉਸ ਦੀਆਂ ਲੋੜਾਂ ਨੂੰ ਸਮਝਦਾ ਸੀ?

- ◯ ਹਾਂ, ਯਕੀਨੀ ਤੌਰ 'ਤੇ
- ◯ ਹਾਂ, ਕੁਝ ਹੱਦ ਤਕ
- ◯ ਨਹੀਂ
- ◯ ਪਤਾ ਨਹੀਂ

**Q4** ਕੀ ਤੁਹਾਨੂੰ ਇਸ ਬਾਰੇ ਭਰੋਸਾ ਹੈ ਕਿ ਹਸਪਤਾਲ ਦੇ ਸਟਾਫ ਨੇ ਉੱਚੇ ਮਿਆਰ ਦੀ ਦੇਖਭਾਲ ਪ੍ਰਦਾਨ ਕੀਤੀ ਹੈ ਜੋ ਉਸ ਵਿਅਕਤੀ ਦੀਆਂ ਲੋੜਾਂ ਲਈ ਢੁਕਵੀਂ ਸੀ ਜਿਸਦੀ ਤੁਸੀਂ ਦੇਖਭਾਲ ਕਰਦੇ ਹੋ?

- ◯ ਹਾਂ, ਯਕੀਨੀ ਤੌਰ 'ਤੇ
- ◯ ਹਾਂ, ਕੁਝ ਹੱਦ ਤਕ
- ◯ ਨਹੀਂ
- ◯ ਪਤਾ ਨਹੀਂ

## ਸੰਚਾਰ

**Q5** ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਕੀ ਉਸਨੂੰ ਹਸਪਤਾਲ ਦੇ ਸਟਾਫ਼ ਵੱਲੋਂ ਨਿੱਜੀ ਦੇਖਭਾਲ ਲਈ ਲੋੜੀਂਦੀ ਮਦਦ ਦਿੱਤੀ ਗਈ ਸੀ? ਉਦਾਹਰਣ ਲਈ, ਖਾਣਾ-ਪੀਣਾ, ਧੋਣਾ ਅਤੇ ਟਾਇਲਟ ਇਸਤੇਮਾਲ ਕਰਨਾ।

- ◯ ਹਾਂ, ਯਕੀਨੀ ਤੌਰ 'ਤੇ
- ◯ ਹਾਂ, ਕੁਝ ਹੱਦ ਤਕ
- ◯ ਨਹੀਂ
- ◯ ਪਤਾ ਨਹੀਂ

**Q6** ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਕੀ ਉਸਦੇ ਨਾਲ ਹਸਪਤਾਲ ਦਾ ਸਟਾਫ਼ ਸਤਿਕਾਰ ਨਾਲ ਪੇਸ਼ ਆਇਆ ਸੀ?

- ◯ ਹਾਂ, ਯਕੀਨੀ ਤੌਰ 'ਤੇ
- ◯ ਹਾਂ, ਕੁਝ ਹੱਦ ਤਕ
- ◯ ਨਹੀਂ
- ◯ ਪਤਾ ਨਹੀਂ

**Q7** ਕੀ ਤੁਹਾਨੂੰ (ਜਾਂ ਜਿੱਥੇ ਉਚਿਤ ਹੋਵੇ, ਮਰੀਜ਼) ਨੂੰ ਹਸਪਤਾਲ ਵਿਚ ਰਹਿਣ ਦੌਰਾਨ ਉਸਦੀ ਦੇਖਭਾਲ ਅਤੇ ਸੁਧਾਰ ਬਾਰੇ ਸਪਸ਼ਟ ਰੂਪ ਵਿੱਚ ਸੂਚਿਤ ਕੀਤਾ ਗਿਆ ਸੀ? ਉਦਾਹਰਣ ਲਈ, ਇਲਾਜ ਅਤੇ ਹਸਪਤਾਲ ਤੋਂ ਛੁੱਟੀ ਲਈ ਯੋਜਨਾਵਾਂ ਬਾਰੇ।

- ◯ ਹਾਂ, ਯਕੀਨੀ ਤੌਰ 'ਤੇ
- ◯ ਹਾਂ, ਕੁਝ ਹੱਦ ਤਕ
- ◯ ਨਹੀਂ
- ◯ ਪਤਾ ਨਹੀਂ

**Q8** ਕੀ ਤੁਸੀਂ (ਜਾਂ ਜਿੱਥੇ ਉਚਿਤ ਹੋਵੇ, ਮਰੀਜ਼) ਉਸਦੀ ਦੇਖਭਾਲ ਬਾਰੇ ਫ਼ੈਸਲਿਆਂ ਵਿੱਚ ਓਨੇ ਹੀ ਸ਼ਾਮਲ ਸੀ ਜਿੰਨੇ ਤੁਸੀਂ ਹੋਣਾ ਚਾਹੁੰਦੇ ਸੀ?

- ◯ ਹਾਂ, ਯਕੀਨੀ ਤੌਰ 'ਤੇ
- ◯ ਹਾਂ, ਕੁਝ ਹੱਦ ਤਕ
- ◯ ਨਹੀਂ
- ◯ ਪਤਾ ਨਹੀਂ

**Q9** ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ ਉਸਦੀ ਦੇਖਭਾਲ ਦੀ ਯੋਜਨਾ ਬਣਾਉਣ ਵਿੱਚ ਮਦਦ ਲਈ, ਕੀ ਹਸਪਤਾਲ ਦੇ ਸਟਾਫ਼ ਨੇ ਤੁਹਾਨੂੰ ਉਸ ਦੀਆਂ ਲੋੜਾਂ ਬਾਰੇ ਪੁੱਛਿਆ ਸੀ?

- ◯ ਹਾਂ, ਯਕੀਨੀ ਤੌਰ 'ਤੇ
- ◯ ਹਾਂ, ਕੁਝ ਹੱਦ ਤਕ
- ◯ ਨਹੀਂ
- ◯ ਪਤਾ ਨਹੀਂ

## ਕੁੱਲ ਮਿਲਾ ਕੇ

**Q10** ਕੁੱਲ ਮਿਲਾ ਕੇ, ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ ਉਸਨੂੰ ਮਿਲੀ ਦੇਖਭਾਲ ਦਾ ਮੁਲਾਂਕਣ ਤੁਸੀਂ ਕਿਵੇਂ ਕਰੋਗੇ?

- ◯ ਸ਼ਾਨਦਾਰ
- ◯ ਬਹੁਤ ਵਧੀਆ
- ◯ ਵਧੀਆ
- ◯ ਠੀਕ-ਠਾਕ
- ◯ ਮਾੜੀ

**Q11** ਜੇ ਤੁਹਾਡੇ ਦੋਸਤਾਂ ਅਤੇ ਪਰਿਵਾਰ ਨੂੰ ਅਜਿਹੀ ਹੀ ਦੇਖਭਾਲ ਜਾਂ ਇਲਾਜ ਦੀ ਲੋੜ ਹੋਈ ਤਾਂ ਤੁਹਾਡੇ ਦੁਆਰਾ ਇਸ ਸੇਵਾ ਦੀ ਸਿਫ਼ਾਰਸ਼ ਕੀਤੇ ਜਾਣ ਦੀ ਕਿੰਨੀ ਸੰਭਾਵਨਾ ਹੈ?

- ◯ ਬੇਹੱਦ ਸੰਭਾਵਤ
- ◯ ਸੰਭਾਵਤ
- ◯ ਨਾ ਤਾਂ ਸੰਭਾਵਤ ਅਤੇ ਨਾ ਹੀ ਅਸੰਭਾਵਤ
- ◯ ਅਸੰਭਾਵਤ
- ◯ ਬੇਹੱਦ ਅਸੰਭਾਵਤ
- ◯ ਪਤਾ ਨਹੀਂ

**Q12** ਕੁੱਲ ਮਿਲਾ ਕੇ, ਇੱਕ ਦੇਖਭਾਲਕਰਤਾ ਦੇ ਰੂਪ ਵਿੱਚ ਤੁਹਾਡੀ ਭੂਮਿਕਾ ਵਿੱਚ ਮਦਦ ਲਈ ਇਸ ਹਸਪਤਾਲ ਤੋਂ ਤੁਹਾਨੂੰ ਮਿਲੀ ਸਹਾਇਤਾ ਤੋਂ ਤੁਸੀਂ ਕਿੰਨੇ ਕੁ ਸੰਤੁਸ਼ਟ ਹੋ?

- ◯ ਬਹੁਤ ਸੰਤੁਸ਼ਟ
- ◯ ਕੁਝ ਹੱਦ ਤਕ ਸੰਤੁਸ਼ਟ
- ◯ ਕੁਝ ਹੱਦ ਤਕ ਅਸੰਤੁਸ਼ਟ
- ◯ ਬਹੁਤ ਅਸੰਤੁਸ਼ਟ
- ◯ ਮੈਨੂੰ ਕਿਸੇ ਸਹਾਇਤਾ ਦੀ ਲੋੜ/ਇੱਛਾ ਨਹੀਂ

**Q13** ਜਿਸ ਵਿਅਕਤੀ ਦੀ ਤੁਸੀਂ ਦੇਖਭਾਲ ਕਰਦੇ ਹੋ, ਕੀ ਹਸਪਤਾਲ ਦੁਆਰਾ ਉਸਨੂੰ ਮੁਹੱਈਆ ਕਰਾਈ ਗਈ ਸੇਵਾ ਬਾਰੇ ਤੁਹਾਡੀਆਂ ਕੋਈ ਟਿੱਪਣੀਆਂ ਹਨ? ਉਦਾਹਰਣ ਲਈ, ਕੋਈ ਵੀ ਚੀਜ਼ ਜਿਸ ਤੋਂ ਤੁਸੀਂ ਖਾਸ ਕਰਕੇ ਖੁਸ਼ ਜਾਂ ਨਾਖੁਸ਼ ਸੀ।

ਕਿਰਪਾ ਕਰਕੇ ਧਿਆਨ ਦਿਓ: ਤੁਹਾਡੇ ਵੱਲੋਂ ਕੀਤੀਆਂ ਗਈਆਂ ਕੋਈ ਵੀ ਟਿੱਪਣੀਆਂ ਨੂੰ ਇਸ ਹਸਪਤਾਲ ਦੀ ਰਿਪੋਰਟ ਵਿੱਚ ਸ਼ਾਮਲ ਕੀਤਾ ਜਾਵੇਗਾ ਅਤੇ ਹੋ ਸਕਦਾ ਹੈ ਕਿ ਕੌਮੀ ਰਿਪੋਰਟ ਵਿੱਚ ਇਹਨਾਂ ਦਾ ਹਵਾਲਾ ਦਿੱਤਾ ਜਾਵੇ। ਰਿਪੋਰਟਿੰਗ ਵਿੱਚ ਸ਼ਾਮਲ ਕੀਤੀ ਗਈ ਸਾਰੀ ਜਾਣਕਾਰੀ ਗੁਮਨਾਮ ਹੋਵੇਗੀ ਅਤੇ ਤੁਹਾਡੇ ਦੁਆਰਾ ਦਿੱਤੀ ਗਈ ਕਿਸੇ ਵੀ ਪਛਾਣ ਕਰਨ ਵਾਲੀ ਜਾਣਕਾਰੀ ਨੂੰ ਰਿਪੋਰਟ ਕਰਨ ਤੋਂ ਪਹਿਲਾਂ ਹਟਾ ਦਿੱਤਾ ਜਾਵੇਗਾ।

**ਤੁਹਾਡੇ ਬਾਰੇ**

**Q14** ਤੁਸੀਂ ਆਪਣੇ ਲਿੰਗ ਨੂੰ ਕਿਵੇਂ ਪਰਿਭਾਸ਼ਤ ਕਰਦੇ ਹੋ?

- ◯ ਮਰਦ
- ◯ ਔਰਤ
- ◯ ਹੋਰ
- ◯ ਨਾ ਦੱਸਣ ਨੂੰ ਤਰਜੀਹ ਦਿਓਗੇ

**Q15** ਤੁਹਾਡੀ ਉਮਰ ਕਿੰਨੀ ਹੈ?

- ◯ 18-24 ਸਾਲ
- ◯ 25-34 ਸਾਲ
- ◯ 35-44 ਸਾਲ
- ◯ 45-54 ਸਾਲ
- ◯ 55-64 ਸਾਲ
- ◯ 65-74 ਸਾਲ
- ◯ 75-84 ਸਾਲ
- ◯ 85 ਸਾਲ ਅਤੇ ਇਸਤੋਂ ਵੱਧ
- ◯ ਨਾ ਦੱਸਣ ਨੂੰ ਤਰਜੀਹ ਦਿਓਗੇ

**Q16** ਕਿਰਪਾ ਕਰਕੇ ਆਪਣੀ ਜਾਤੀਅਤਾ ਬਾਰੇ ਸਪਸ਼ਟ ਦੱਸੋ:

- ◯ ਗੋਰੇ/ਗੋਰੇ ਬ੍ਰਿਟਿਸ਼
- ◯ ਕਾਲੇ/ਕਾਲੇ ਬ੍ਰਿਟਿਸ਼
- ◯ ਏਸ਼ੀਅਨ/ਏਸ਼ੀਅਨ ਬ੍ਰਿਟਿਸ਼
- ◯ ਰਲੇ-ਮਿਲੇ
- ◯ ਹੋਰ
- ◯ ਨਾ ਦੱਸਣ ਨੂੰ ਤਰਜੀਹ ਦਿਓਗੇ

Q17 ਤੁਹਾਨੂੰ ਇਸ ਸਰਵੇਖਣ ਬਾਰੇ ਕਿਵੇਂ ਪਤਾ ਲੱਗਾ?

- ◯ ਹਸਪਤਾਲ ਦੇ ਸਟਾਫ਼ ਦੇ ਇੱਕ ਮੈਂਬਰ ਨੇ ਮੈਨੂੰ ਦੱਸਿਆ (ਉਦਾਹਰਣ ਵਜੋਂ: ਨਰਸ, ਡਾਕਟਰ, ਰਿਸੈਪਸ਼ਨਿਸਟ)
- ◯ ਹਸਪਤਾਲ ਵਿੱਚ ਪੋਸਟਰ ਜਾਂ ਸਾਈਨ
- ◯ ਹਸਪਤਾਲ ਵਿੱਚ ਪ੍ਰਦਰਸ਼ਿਤ QR ਕੋਡ
- ◯ ਹਸਪਤਾਲ ਦੀ ਵੈੱਬਸਾਈਟ
- ◯ ਸੋਸ਼ਲ ਮੀਡੀਆ (ਕਿਰਪਾ ਕਰਕੇ ਦੱਸੋ)
- ◯ ਡਿਮੈਂਸ਼ੀਆ ਵੈੱਬਸਾਈਟ ਦਾ ਰਾਸ਼ਟਰੀ ਆਡਿਟ
- ◯ ਹਸਪਤਾਲ ਤੋਂ ਈਮੇਲ ਜਾਂ ਟੈਕਸਟ ਸੁਨੇਹਾ
- ◯ ਇੱਕ ਪਰਿਵਾਰਕ ਮੈਂਬਰ ਨੇ ਮੈਨੂੰ ਇਸ ਬਾਰੇ ਦੱਸਿਆ।
- ◯ ਇੱਕ ਹੋਰ ਦੇਖਭਾਲ ਕਰਨ ਵਾਲੇ ਨੇ ਮੈਨੂੰ ਇਸ ਬਾਰੇ ਦੱਸਿਆ
- ◯ ਹੋਰ

Q18 ਕਿਰਪਾ ਕਰਕੇ ਇਸ ਸਰਵੇਖਣ ਬਾਰੇ ਤੁਹਾਨੂੰ ਕਿਵੇਂ ਪਤਾ ਲੱਗਾ, ਇਸ ਬਾਰੇ ਵੇਰਵੇ ਦਿਓ।

Q19 ਤੁਸੀਂ ਇਸ ਸਰਵੇਖਣ ਬਾਰੇ ਕਿਹੜੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸੁਣਿਆ?

**ਤੁਹਾਡੇ ਜਵਾਬਾਂ ਲਈ ਬਹੁਤ-ਬਹੁਤ ਧੰਨਵਾਦ।**